Annex- III

# All-India Quiz on Financial Literacy

An All-India Quiz on financial literacy is being organized for students studying in Government schools by Reserve Bank of India (RBI). The quiz will be initiated from each of the Block/Tehsil level and will culminate at a National level quiz after various rounds at respective Districts, States and Zonal level. Syllabus and model questions for the Quiz is enclosed.

## Block/Tehsil level Quiz

**1.** Two students studying in classes VIII, IX or X to be nominated/selected from each State Government School.

**2.** The Block/Tehsil level Quiz would be conducted at the designated Venue in each Tehsil of Punjab in Physical mode in English/Punjabi language. The questions for the Quiz would consist of 25 Multiple Choice Questions (no negative marking) to be completed in duration of 30 minutes.

**3.** Each participant at the Block/Tehsil level Quiz will be given participation certificates. Three Teams from each Block/Tehsil would be selected as first, second, third and the winners will be facilitated as under: -

| | **Prepaid gift cards (₹)** | **Medals** | **Winner certificate** |
|---|---|---|---|
| First Prize | ₹2,500/- to each team member | Medal to each team member | To each team member |
| Second prize | ₹2,000/- to each team member | Medal to each team member | To each team member |
| Third Prize | ₹1,500/- to each team member | Medal to each team member | To each team member |

**4.** The participating Team from each School may be accompanied by a Teacher along with an Authority Letter. The Teacher accompanying the Team from each School would be reimbursed a lumpsum of ₹500/- as travelling/conveyance allowance at the venue of the Quiz.

## District level Quiz

Top winning team from each Tehsils will participate in District level quiz which is likely to be held in the District headquarters in the month of July 2023 (after the Summer vacation). Three Teams from each District would be selected as first, second, third and the winners will be facilitated as under: -

First prize: ₹10,000/- per team

Second prize: ₹7,500/- per team

Third Prize: ₹5,000/- per team

## State level Quiz

Top winning team from each District will participate in State level which is likely to be held in Chandigarh in the month of July 2023 (after the Summer vacation). Three Teams from the State would be selected as first, second, third and the winners will be facilitated as under: -

First prize: ₹20,000/- per team

Second prize: ₹15,000/- per team

Third Prize: ₹10,000/- per team

## Syllabus and Modal Questions - All India Financial Literacy Quiz

**Syllabus:** basics of saving, investment, income, expenditure, basics of banking- functions of bank, deposits, loan, debit card, credit card, cheque, types of account etc., fundamental concepts related to money/currency, commonly used abbreviations, basics of digital banking/payment, RBI-organisational structure and functions, flagship schemes of government, general awareness, banking related awareness, basics of insurance/ share market, concepts related to GDP/Inflation etc., G20- organisational structure, establishments,, summits, themes, members, its logo, focus areas such as cyber-crime, various sources of energy, basic questions related to other Regulators such as PFRDA, SEBI, IRDAI etc.

### Some Model Questions for Reference

***Basic Banking***

a) ***….*****is type of account wherein you put lump sum money in your bank account for a fixed time period at a fixed rate of interest***.*

   *(Saving account, current account, fixed deposit, none of the above)*

b) **________ is a technology that allows you to access your bank account from a mobile device.**
   (Home Banking, Mobile Banking, Branch Banking, Television Banking)

***Currency Related***

a) **Who signs the currency note printed in India?**
   (Revenue secretary, Governor of Maharashtra, Chairman of NITI Aayog, none of the above)

b) **Which of the following feature we find on reverse of 2000 rupee note?**
   (Mangalyaan, Red Fort, Tractor, Parliament of India)

***Payment Related***

a) **....is type of cyber-attack in which scammer creates an email message that appears to come from a large, well-known legitimate business or organization.**

(Vishing, phishing, smishing, all of the above)

b) **Full form of RTGS?**
(Real Towards Gross Settlement, Real Turn Gross Settlement, Real Technique Gross Settlement, Real Time Gross Settlement)

***Economy related***

a) **PMJDY is flagship scheme of government of India launched with the objective of financial inclusion for all by providing basic banking accounts with a debit card with inbuilt accident insurance. PMJDY stands for?**

(Pradhan Mantri Jan-Dhan Yojana, Pradhan Mantri Jivan Dhan Yojana, Pradhan Mantri, Jan Dhairya Yojana, none of the above)

b) ***… is rise in prices*, which can be translated as the decline of purchasing power over time.**
*(Deflation, disinflation, inflation, none of the above)*

***Regulators***

a) **….. is financial sector regulator that regulates how the stock market and mutual fund's function?**

(RBI, SEBI, IRDAI, PFRDA)

b) **National Pension Scheme (NPS) is a government-sponsored pension scheme, subscribed by employees of Govt. of India, State Governments and by employees of private institutions/organizations is regulated by ?**

(RBI, SEBI, IRDAI, PFRDA)

***RBI related***

a) **On which commission's recommendations, Reserve Bank of India was established?**

(Chamberlain Commission, Hilton Young Commission, Keynes Commission, None of the above)

b) **Which of the following is not the function of RBI?**

(Banker to bank, banker to central government, manager of foreign exchange reserve, Allocating funds directly to the farmers for agricultural development)

***Acts Related***

a) **Which of the following act describes various negotiable instruments?**

(Banking Regulation Act, RBI Act, Negotiable Instrument Act, Government Securities Act)

b) **As per which of the following act, RBI has the sole right to issue currency notes (except one-rupee notes which are issued by the Ministry of Finance)?**
(Banking Regulation Act, RBI Act, Negotiable Instrument Act, Government Securities Act)

***Important Personalities***

a) **who is known as the father of white revolution in India?**
(M S Swaminathan, V Kurein, G S Bhalla, P Tripathy)

b) **Who was the first governor of RBI?**
(Sir James Braid Taylor, K. G. Ambegaonkar, B. N. Adarkar, none of the above)

***G20 related***

a) ***Where is the headquarter of G20?***
*(Indonesia,* Mexico, Canada, none of the above)

b) **India has assumed the Presidency of the G20 for…**
(One year, Two years, Three years, Five years)

***General awareness-***

a) **White revolution is associated with?**
(Eggs, mushrooms cultivation, milk, all of the above)

b) **ATMs are primarily used for performing the __________ functions?**

(Infrastructure, Computer based, Banking, Hospitality)

**Reference material which the Education Dept may be advised to circulate if required to schools**

https://www.g20.org/en/

https://pib.gov.in/PressReleaseIframePage.aspx?PRID=1882356

**For general Financial Literacy:**

https://www.rbi.org.in/Scripts/AboutusDisplay.aspx

https://www.rbi.org.in/Scripts/FAQDisplay.aspx

https://www.ncfe.org.in/resources/downloads

Relevant headings-

- Financial Education Handbook
- Financial Literacy booklets
- All You Need to Know About Digital Payments
- Insurance, Equity, Pension
- Target Group Booklets-school children

**Note**- Syllabus, sample questions and reference material provided is indicative and not *exhaustive*

Annex-III

# ਵਿੱਤੀ ਸਾਖਰਤਾ ਤੇ ਆਲ ਇੰਡੀਆ ਕਵਿਜ਼

ਭਾਰਤੀ ਰਿਜ਼ਰਵ ਬੈਂਕ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਵਿੱਤੀ ਸਾਖਰਤਾ ਤੇ' ਆਲ ਇੰਡੀਆ ਕਵਿਜ਼ ਕਰਵਾ ਰਿਹਾ ਹੈ। ਇਹ ਕਵਿਜ਼ ਬਲਾਕ/ਤਹਿਸੀਲ ਪੱਧਰ ਤੋਂ ਸ਼ੁਰੂ ਕੀਤਾ ਜਾਵੇਗਾ ਅਤੇ ਜ਼ਿਲਾ, ਸਟੇਟ ਅਤੇ ਜ਼ੋਨਲ ਪੱਧਰ 'ਤੇ ਵੱਖ-ਵੱਖ ਰਾਊਂਡਾਂ ਤੋਂ ਬਾਅਦ ਰਾਸ਼ਟਰੀ ਪੱਧਰ ਤੇ ਸਮਾਪਤ ਹੋਵੇਗਾ। ਕਵਿਜ਼ ਲਈ ਸਿਲੇਬਸ ਅਤੇ ਮਾਡਲ ਪ੍ਰਸ਼ਨ ਨੱਥੀ ਹਨ।

## ਬਲਾਕ/ਤਹਿਸੀਲ ਪੱਧਰੀ ਕਵਿਜ਼

1. ਪੰਜਾਬ ਦੇ ਸਰਕਾਰੀ ਸਕੂਲ ਵਿੱਚ ਪੜ੍ਹ ਰਹੇ ਅੱਠਵੀਂ, ਨੌਵੀਂ ਜਾਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਵਿੱਚੋਂ ਦੋ ਵਿਦਿਆਰਥੀ ਹਰੇਕ ਸਕੂਲ ਵਿੱਚੋਂ ਇਸ ਕਵਿਜ਼ ਲਈ ਚੁਣੇ ਜਾਣ।

2. ਬਲਾਕ/ਤਹਿਸੀਲ ਪੱਧਰੀ ਕਵਿਜ਼ ਅੰਗਰੇਜ਼ੀ/ਪੰਜਾਬੀ ਭਾਸ਼ਾ ਚ' ਫਿਜੀਕਲ ਮੋਡ ਵਿੱਚ ਪੰਜਾਬ ਦੀ ਹਰੇਕ ਤਹਿਸੀਲ ਵਿੱਚ ਨਿਰਧਾਰਤ ਸਥਾਨ ਤੇ ਕਰਵਾਈ ਜਾਵੇਗੀ। ਕਵਿਜ਼ ਵਿੱਚ 25 ਬਹੁ-ਚੋਣ ਵਾਲੇ ਪ੍ਰਸ਼ਨ ਸ਼ਾਮਲ ਹੋਣਗੇ (ਕੋਈ ਨਕਾਰਾਤਮਕ ਮਾਰਕਿੰਗ ਨਹੀਂ) ਜੋ ਕਿ 30 ਮਿੰਟ ਦੀ ਮਿਆਦ ਵਿੱਚ ਪੂਰੇ ਕੀਤੇ ਜਾਣਗੇ।

3. ਕਵਿਜ਼ ਵਿੱਚ ਹਰੇਕ ਭਾਗੀਦਾਰ ਨੂੰ ਭਾਗੀਦਾਰੀ ਸਰਟੀਫਿਕੇਟ ਦਿੱਤੇ ਜਾਣਗੇ। ਹਰੇਕ ਬਲਾਕ/ਤਹਿਸੀਲ ਤੋਂ ਤਿੰਨ ਟੀਮਾਂ ਨੂੰ ਪਹਿਲੇ, ਦੂਜੇ ਅਤੇ ਤੀਜੇ ਸਥਾਨ ਲਈ ਚੁਣਿਆ ਜਾਵੇਗਾ ਅਤੇ ਜੇਤੂਆਂ ਨੂੰ ਹੇਠ ਲਿਖੇ ਅਨੁਸਾਰ ਪੁਰਸਕਾਰ ਦਿੱਤੇ ਜਾਣਗੇ:-

| | **ਪ੍ਰੀਪੇਡ ਗਿਫਟ ਕਾਰਡ (₹)** | **ਮੈਡਲ** | **ਜੇਤੂ ਸਰਟੀਫਿਕੇਟ** |
|---|---|---|---|
| ਪਹਿਲਾ ਇਨਾਮ | ₹2,500/- ਹਰੇਕ ਟੀਮ ਮੈਂਬਰ ਨੂੰ | ਹਰੇਕ ਟੀਮ ਮੈਂਬਰ ਨੂੰ | ਹਰੇਕ ਟੀਮ ਮੈਂਬਰ ਨੂੰ |
| ਦੂਜਾ ਇਨਾਮ | ₹2,000/- ਹਰੇਕ ਟੀਮ ਮੈਂਬਰ ਨੂੰ | ਹਰੇਕ ਟੀਮ ਮੈਂਬਰ ਨੂੰ | ਹਰੇਕ ਟੀਮ ਮੈਂਬਰ ਨੂੰ |
| ਤੀਜਾ ਇਨਾਮ | ₹1,500/- ਹਰੇਕ ਟੀਮ ਮੈਂਬਰ ਨੂੰ | ਹਰੇਕ ਟੀਮ ਮੈਂਬਰ ਨੂੰ | ਹਰੇਕ ਟੀਮ ਮੈਂਬਰ ਨੂੰ |

4. ਹਰੇਕ ਸਕੂਲ ਤੋਂ ਭਾਗ ਲੈਣ ਵਾਲੀ ਟੀਮ ਇੱਕ ਅਧਿਆਪਕ ਨਾਲ ਆਵੇਗੀ ਅਤੇ ਆਪਣੇ ਸਕੂਲ ਵਲੋਂ ਇੱਕ ਅਥਾਰਟੀ ਲੈਟਰ ਵੀ ਲੇਕੇ ਆਵੇਗੀ। ਹਰੇਕ ਸਕੂਲ ਦੀ ਟੀਮ ਦੇ ਨਾਲ ਆਉਣ ਵਾਲੇ ਅਧਿਆਪਕ ਨੂੰ ਯਾਤਰਾ/ਆਵਾਜਾਈ ਭੱਤੇ ਵਜੋਂ ₹500/- ਦੀ ਇੱਕਮੁਸ਼ਤ ਅਦਾਇਗੀ ਕੀਤੀ ਜਾਵੇਗੀ।

## ਜ਼ਿਲ੍ਹਾ ਪੱਧਰੀ ਕਵਿਜ਼

ਹਰੇਕ ਤਹਿਸੀਲ ਵਿੱਚੋਂ ਜੇਤੂ ਟੀਮ ਜ਼ਿਲ੍ਹਾ ਪੱਧਰੀ ਕਵਿਜ਼ ਵਿੱਚ ਭਾਗ ਲਵੇਗੀ ਜਿਸ ਦੀ ਜੁਲਾਈ 2023 ਦੇ ਮਹੀਨੇ (ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ) ਵਿੱਚ ਹੋਣ ਦੀ ਸੰਭਾਵਨਾ ਹੈ। ਹਰੇਕ ਜ਼ਿਲ੍ਹੇ ਵਿੱਚੋਂ ਤਿੰਨ ਟੀਮਾਂ ਨੂੰ ਪਹਿਲੇ, ਦੂਜੇ ਅਤੇ ਤੀਜੇ ਸਥਾਨ ਲਈ ਚੁਣਿਆ ਜਾਵੇਗਾ ਅਤੇ ਜੇਤੂਆਂ ਨੂੰ ਹੇਠ ਲਿਖੇ ਅਨੁਸਾਰ ਪੁਰਸਕਾਰ ਦਿੱਤੇ ਜਾਣਗੇ:-

ਪਹਿਲਾ ਇਨਾਮ: ₹10,000/- ਪ੍ਰਤੀ ਟੀਮ
ਦੂਜਾ ਇਨਾਮ: ₹7,500/- ਪ੍ਰਤੀ ਟੀਮ
ਤੀਜਾ ਇਨਾਮ: ₹5,000/- ਪ੍ਰਤੀ ਟੀਮ

## ਸਟੇਟ ਪੱਧਰੀ ਕਵਿਜ਼

ਹਰੇਕ ਜ਼ਿਲ੍ਹੇ ਵਿੱਚੋਂ ਜੇਤੂ ਟੀਮ ਸਟੇਟ ਪੱਧਰੀ ਕਵਿਜ਼ ਵਿੱਚ ਭਾਗ ਲਵੇਗੀ ਜਿਸ ਦੀ ਜੁਲਾਈ 2023 ਦੇ ਮਹੀਨੇ (ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ) ਚੰਡੀਗੜ੍ਹ ਵਿੱਚ ਹੋਣ ਦੀ ਸੰਭਾਵਨਾ ਹੈ। ਸਟੇਟ ਵਿੱਚੋਂ ਤਿੰਨ ਟੀਮਾਂ ਨੂੰ ਪਹਿਲੇ, ਦੂਜੇ ਅਤੇ ਤੀਜੇ ਸਥਾਨ ਲਈ ਚੁਣਿਆ ਜਾਵੇਗਾ ਅਤੇ ਜੇਤੂਆਂ ਨੂੰ ਹੇਠ ਲਿਖੇ ਅਨੁਸਾਰ ਪੁਰਸਕਾਰ ਦਿੱਤੇ ਜਾਣਗੇ: -

ਪਹਿਲਾ ਇਨਾਮ: ₹20,000/- ਪ੍ਰਤੀ ਟੀਮ
ਦੂਜਾ ਇਨਾਮ: ₹15,000/- ਪ੍ਰਤੀ ਟੀਮ
ਤੀਜਾ ਇਨਾਮ: ₹10,000/- ਪ੍ਰਤੀ ਟੀਮ

## ਸਿਲੇਬਸ ਅਤੇ ਮਾਡਲ ਪ੍ਰਸ਼ਨ - ਆਲ ਇੰਡੀਆ ਵਿੱਤੀ ਸਾਖਰਤਾ ਕਵਿਜ਼

**ਸਿਲੇਬਸ:** ਬੱਚਤ, ਨਿਵੇਸ਼, ਆਮਦਨ, ਖਰਚ, ਬੈਂਕਿੰਗ ਦੇ ਮੁੱਢਲੇ ਸਿਧਾਂਤ- ਬੈਂਕ ਦੇ ਕੰਮ, ਜਮ੍ਹਾਂ, ਲੋਨ, ਡੈਬਿਟ ਕਾਰਡ, ਕ੍ਰੈਡਿਟ ਕਾਰਡ, ਚੈੱਕ, ਖਾਤੇ ਦੀਆਂ ਕਿਸਮਾਂ ਆਦਿ, ਪੈਸੇ/ਮੁਦਰਾ ਨਾਲ ਸਬੰਧਤ ਬੁਨਿਆਦੀ ਧਾਰਨਾਵਾਂ, ਆਮ ਤੌਰ 'ਤੇ ਵਰਤੇ ਜਾਂਦੇ ਸੰਖੇਪ ਰੂਪ, ਡਿਜੀਟਲ ਬੈਂਕਿੰਗ/ਭੁਗਤਾਨ ਦੇ ਮੁੱਢਲੇ ਸਿਧਾਂਤ, ਆਰਬੀਆਈ-ਸੰਗਠਨਾਤਮਕ ਢਾਂਚਾ ਅਤੇ ਕਾਰਜ, ਸਰਕਾਰ ਦੀਆਂ ਪ੍ਰਮੁੱਖ ਸਕੀਮਾਂ, ਆਮ ਜਾਗਰੂਕਤਾ, ਬੈਂਕਿੰਗ ਨਾਲ ਸਬੰਧਿਤ ਜਾਗਰੂਕਤਾ, ਬੀਮੇ/ਸ਼ੇਅਰ ਬਾਜ਼ਾਰ ਦੇ ਮੁੱਢਲੇ ਸਿਧਾਂਤ, ਜੀ.ਡੀ.ਪੀ/ਮੁਦਰਾ ਫੈਲਾਅ ਆਦਿ ਨਾਲ ਸਬੰਧਿਤ ਧਾਰਨਾਵਾਂ, G20- ਸੰਗਠਨਾਤਮਕ ਢਾਂਚਾ, ਅਦਾਰੇ, ਸਿਖਰ ਸੰਮੇਲਨ, ਥੀਮ, ਮੈਂਬਰ, ਇਸ ਦਾ ਲੋਗੋ, ਫੋਕਸ ਖੇਤਰ ਜਿਵੇਂ ਕਿ ਸਾਈਬਰ-ਕ੍ਰਾਈਮ, ਊਰਜਾ ਦੇ ਵੱਖ-ਵੱਖ ਸਰੋਤ, ਹੋਰ ਰੈਗੂਲੇਟਰਾਂ ਜਿਵੇਂ ਕਿ ਪੀ.ਐੱਫ.ਆਰ.ਡੀ.ਏ, ਸੇਬੀ, ਆਈ.ਆਰ.ਡੀ.ਏ.ਆਈ ਆਦਿ ਨਾਲ ਸਬੰਧਿਤ ਮੁੱਢਲੇ ਸਵਾਲ।

<u>ਹਵਾਲੇ ਲਈ ਕੁਝ ਮਾਡਲ ਪ੍ਰਸ਼ਨ</u>

*ਮੁੱਢਲੀ ਬੈਂਕਿੰਗ*

1) **.......ਖਾਤੇ ਦੀ ਇੱਕ ਕਿਸਮ ਹੈ ਜਿਸ ਵਿੱਚ ਤੁਸੀਂ ਇੱਕ ਨਿਸ਼ਚਿਤ ਵਿਆਜ ਦਰ 'ਤੇ ਇੱਕ ਨਿਸ਼ਚਿਤ ਸਮਾਂ ਅਵਧੀ ਲਈ ਆਪਣੇ ਬੈਂਕ ਖਾਤੇ ਵਿੱਚ ਇੱਕਮੁਸ਼ਤ ਰਕਮ ਪਾਉਂਦੇ ਹੋ।**

   (ਬੱਚਤ ਖਾਤਾ, ਚਾਲੂ ਖਾਤਾ, ਫਿਕਸਡ ਡਿਪਾਜ਼ਿਟ, ਉਪਰੋਕਤ ਵਿੱਚੋਂ ਕੋਈ ਵੀ ਨਹੀਂ)

2) **.......ਇੱਕ ਅਜਿਹੀ ਤਕਨੀਕ ਹੈ ਜੋ ਤੁਹਾਨੂੰ ਕਿਸੇ ਮੋਬਾਈਲ ਦੁਆਰਾ ਤੁਹਾਡੇ ਬੈਂਕ ਖਾਤੇ ਤੱਕ ਪਹੁੰਚ ਕਰਨ ਦੇ ਯੋਗ ਬਣਾਉਂਦੀ ਹੈ।**

   (ਹੋਮ ਬੈਂਕਿੰਗ, ਮੋਬਾਈਲ ਬੈਂਕਿੰਗ, ਸ਼ਾਖਾ ਬੈਂਕਿੰਗ, ਟੈਲੀਵਿਜ਼ਨ ਬੈਂਕਿੰਗ)

*ਮੁਦਰਾ ਸਬੰਧਿਤ*

1) **ਭਾਰਤ ਵਿੱਚ ਛਪੇ ਕਰੰਸੀ ਨੋਟ 'ਤੇ ਦਸਤਖਤ ਕੌਣ ਕਰਦਾ ਹੈ?**
   (ਮਾਲੀਆ ਸਕੱਤਰ, ਮਹਾਰਾਸ਼ਟਰ ਦੇ ਰਾਜਪਾਲ, ਨੀਤੀ ਆਯੋਗ ਦੇ ਚੇਅਰਮੈਨ, ਉਪਰੋਕਤ ਵਿੱਚੋਂ ਕੋਈ ਵੀ ਨਹੀਂ)

2) **2000 ਰੁਪਏ ਦੇ ਨੋਟ ਦੇ ਪਿਛਲੇ ਪਾਸੇ ਸਾਨੂੰ ਇਹਨਾਂ ਵਿੱਚੋਂ ਕਿਹੜੀ ਵਿਸ਼ੇਸ਼ਤਾ ਮਿਲਦੀ ਹੈ?**

   (ਮੰਗਲਯਾਨ, ਲਾਲ ਕਿਲਾ, ਟਰੈਕਟਰ, ਭਾਰਤ ਦੀ ਸੰਸਦ)

*ਭੁਗਤਾਨ ਸਬੰਧਿਤ*

1) .......ਸਾਈਬਰ-ਧੋਖਾਧੜੀ ਦੀ ਕਿਸਮ ਹੈ ਜਿਸ ਵਿੱਚ ਸਕੈਮਰ ਇੱਕ ਈਮੇਲ ਸੰਦੇਸ਼ ਬਣਾਉਂਦਾ ਹੈ ਜੋ ਕਿਸੇ ਵੱਡੇ, ਮਸ਼ਹੂਰ ਜਾਇਜ਼ ਕਾਰੋਬਾਰ ਜਾਂ ਸੰਗਠਨ ਤੋਂ ਆਉਂਦਾ ਜਾਪਦਾ ਹੈ।

   (ਵਿਸ਼ਿੰਗ, ਫਿਸ਼ਿੰਗ, ਸਮਾਈਸ਼ਿੰਗ, ਉਪਰੋਕਤ ਸਾਰੇ)

2) RTGS ਦਾ ਪੂਰਾ ਰੂਪ ਕੀ ਹੈ?

   (ਰੀਅਲ ਟੂਵਾਰਡਸ ਗਰੌਸ ਸੈਟਲਮੈਂਟ, ਰੀਅਲ ਟਰਨ ਗਰੌਸ ਸੈਟਲਮੈਂਟ, ਰੀਅਲ ਤਕਨੀਕ ਗਰੌਸ ਸੈਟਲਮੈਂਟ, ਰੀਅਲ ਟਾਈਮ ਗਰੌਸ ਸੈਟਲਮੈਂਟ)

*ਆਰਥਿਕਤਾ ਨਾਲ ਸਬੰਧਿਤ*

1) PMJDY ਭਾਰਤ ਸਰਕਾਰ ਦੀ ਇੱਕ ਫਲੈਗਸ਼ਿਪ ਸਕੀਮ ਹੈ, ਜਿਸ ਨੂੰ ਇਨਬਿਲਟ ਐਕਸੀਡੈਂਟ ਇੰਸ਼ੋਰੈਂਸ ਦੇ ਨਾਲ ਡੈਬਿਟ ਕਾਰਡ ਨਾਲ ਬੇਸਿਕ ਬੈਂਕਿੰਗ ਖਾਤਿਆਂ ਨੂੰ ਮੁਹੱਈਆ ਕਰਵਾ ਕੇ ਸਾਰਿਆਂ ਲਈ ਵਿੱਤੀ ਸਮਾਵੇਸ਼ ਦੇ ਉਦੇਸ਼ ਨਾਲ ਸ਼ੁਰੂ ਕੀਤਾ ਗਿਆ ਹੈ। PMJDY ਦਾ ਕੀ ਮਤਲਬ ਹੈ?

   (ਪ੍ਰਧਾਨ ਮੰਤਰੀ ਜਨ-ਧਨ ਯੋਜਨਾ, ਪ੍ਰਧਾਨ ਮੰਤਰੀ ਜੀਵਨ-ਧਨ ਯੋਜਨਾ, ਪ੍ਰਧਾਨ ਮੰਤਰੀ ਜਨ-ਧੈਰਯ ਯੋਜਨਾ, ਉਪਰੋਕਤ ਕੋਈ ਵੀ ਨਹੀਂ)

2) ........ਕੀਮਤਾਂ ਵਿੱਚ ਵਾਧਾ ਹੈ, ਜਿਸਨੂੰ ਸਮੇਂ ਦੇ ਨਾਲ ਖਰੀਦ ਸ਼ਕਤੀ ਵਿੱਚ ਗਿਰਾਵਟ ਵਜੋਂ ਵੀ ਜਾਣਿਆ ਜਾਂਦਾ ਹੈ।

   (ਮੰਦੀ, ਮੁਦਰਾ ਫੈਲਾਅ, ਮਹਿੰਗਾਈ, ਉੱਪਰ ਦਿੱਤਿਆਂ ਵਿੱਚੋਂ ਕੋਈ ਵੀ ਨਹੀਂ)

*ਰੈਗੂਲੇਟਰ*

1) ......... ਵਿੱਤੀ ਖੇਤਰ ਦਾ ਰੈਗੂਲੇਟਰ ਹੈ ਜੋ ਇਹ ਨਿਯਮਿਤ ਕਰਦਾ ਹੈ ਕਿ ਸਟਾਕ ਮਾਰਕੀਟ ਅਤੇ ਮਿਊਚਲ ਫੰਡ ਕਿਵੇਂ ਕੰਮ ਕਰਦੇ ਹਨ?

   (ਆਰਬੀਆਈ (RBI), ਸੇਬੀ (SEBI), ਆਈ.ਆਰ.ਡੀ.ਏ. ਆਈ (IRDAI), ਪੀ.ਐੱਫ.ਆਰ.ਡੀ.ਏ (PFRDA))

2) **ਨੈਸ਼ਨਲ ਪੈਨਸ਼ਨ ਸਕੀਮ (NPS) ਭਾਰਤ ਸਰਕਾਰ ਦੁਆਰਾ ਸ਼ੁਰੂ ਕੀਤੀ ਗਈ ਪੈਨਸ਼ਨ ਸਕੀਮ ਹੈ, ਜੋ ਕਿ ਕੇਂਦਰੀ ਸਰਕਾਰ, ਰਾਜ ਸਰਕਾਰਾਂ ਅਤੇ ਨਿੱਜੀ ਸੰਸਥਾਵਾਂ/ਸੰਗਠਨਾਂ ਦੇ ਕਰਮਚਾਰੀਆਂ ਵਾਸਤੇ ਹੈ, ਇਹ ਸਕੀਮ ਕਿਸ ਦੁਆਰਾ ਨਿਯੰਤ੍ਰਿਤ ਕੀਤੀ ਜਾਂਦੀ ਹੈ?**

(ਆਰਬੀਆਈ (RBI), ਸੇਬੀ (SEBI), ਆਈ.ਆਰ.ਡੀ.ਏ. ਆਈ (IRDAI), ਪੀ.ਐੱਫ.ਆਰ.ਡੀ.ਏ

(PFRDA))

*ਆਰਬੀਆਈ ਨਾਲ ਸਬੰਧਿਤ*

1) **ਕਿਹੜੇ ਕਮਿਸ਼ਨ ਦੀਆਂ ਸਿਫਾਰਸ਼ਾਂ 'ਤੇ, ਭਾਰਤੀ ਰਿਜ਼ਰਵ ਬੈਂਕ ਦੀ ਸਥਾਪਨਾ ਕੀਤੀ ਗਈ ਸੀ?**

(ਚੈਂਬਰਲੇਨ ਕਮਿਸ਼ਨ, ਹਿਲਟਨ ਯੰਗ ਕਮਿਸ਼ਨ, ਕੀਨਜ਼ ਕਮਿਸ਼ਨ, ਉਪਰੋਕਤ ਵਿੱਚੋਂ ਕੋਈ ਨਹੀਂ)

2) **ਇਹਨਾਂ ਵਿੱਚੋਂ ਕਿਹੜਾ ਭਾਰਤੀ ਰਿਜ਼ਰਵ ਬੈਂਕ ਦਾ ਕੰਮ ਨਹੀਂ ਹੈ?**

(ਬੈਂਕਾਂ ਦਾ ਬੈਂਕਰ, ਕੇਂਦਰ ਸਰਕਾਰ ਦਾ ਬੈਂਕਰ, ਵਿਦੇਸ਼ੀ ਮੁਦਰਾ ਭੰਡਾਰ ਦਾ ਮੈਨੇਜਰ, ਖੇਤੀਬਾੜੀ ਵਿਕਾਸ ਲਈ ਸਿੱਧੇ ਤੌਰ 'ਤੇ ਕਿਸਾਨਾਂ ਨੂੰ ਫੰਡਾਂ ਦੀ ਵੰਡ ਕਰਨਾ)

*ਐਕਟ ਸੰਬੰਧਿਤ*

1) **ਹੇਠ ਦਿੱਤਿਆਂ ਵਿੱਚੋਂ ਕਿਹੜਾ** ਐਕਟ **ਵੱਖ-ਵੱਖ** ਨੈਗੋਸ਼ੀਏਬਲ ਇੰਸਟਰੂਮੈਂਟ **ਨੂੰ ਦਰਸਾਉਂਦਾ ਹੈ?**

(ਬੈਂਕਿੰਗ ਰੈਗੂਲੇਸ਼ਨ ਐਕਟ, ਆਰ.ਬੀ.ਆਈ. ਐਕਟ, ਨੈਗੋਸ਼ੀਏਬਲ ਇੰਸਟਰੂਮੈਂਟ ਐਕਟ,

ਗੌਰਮਿੰਟ ਸਕਿਓਰਟੀਜ਼ ਐਕਟ)

2) **ਹੇਠ ਦਿੱਤਿਆਂ ਵਿੱਚੋਂ ਕਿਹੜੇ ਕਾਨੂੰਨ ਦੇ ਅਨੁਸਾਰ, ਆਰਬੀਆਈ ਕੋਲ ਕਰੰਸੀ ਨੋਟ ਜਾਰੀ ਕਰਨ ਦਾ ਇੱਕਮਾਤਰ ਅਧਿਕਾਰ ਹੈ (ਸਿਵਾਏ ਇੱਕ ਰੁਪਏ ਦੇ ਨੋਟਾਂ ਦੇ ਜੋ ਵਿੱਤ ਮੰਤਰਾਲੇ ਦੁਆਰਾ ਜਾਰੀ ਕੀਤੇ ਜਾਂਦੇ ਹਨ)?**

(ਬੈਂਕਿੰਗ ਰੈਗੂਲੇਸ਼ਨ ਐਕਟ, ਆਰ.ਬੀ.ਆਈ. ਐਕਟ, ਨੈਗੋਸ਼ੀਏਬਲ ਇੰਸਟਰੂਮੈਂਟ ਐਕਟ, ਗੌਰਮਿੰਟ ਸਕਿਓਰਟੀਜ਼ ਐਕਟ)

*ਮਹੱਤਵਪੂਰਨ ਸ਼ਖਸ਼ੀਅਤਾਂ*

1) **ਭਾਰਤ ਵਿੱਚ ਚਿੱਟੀ ਕ੍ਰਾਂਤੀ ਦੇ ਪਿਤਾ ਵਜੋਂ ਕਿਸ ਨੂੰ ਜਾਣਿਆ ਜਾਂਦਾ ਹੈ?**

(ਐਮ ਐਸ ਸਵਾਮੀਨਾਥਨ, ਵੀ ਕੁਰੀਨ, ਜੀ ਐਸ ਭੱਲਾ, ਪੀ ਤ੍ਰਿਪਾਠੀ)

2) **ਆਰ.ਬੀ.ਆਈ. ਦਾ ਪਹਿਲਾ ਗਵਰਨਰ ਕੌਣ ਸੀ?**

(ਸਰ ਜੇਮਜ਼ ਬਰੈਡ ਟੇਲਰ, ਕੇ. ਜੀ. ਅੰਬੇਗਾਓਂਕਰ, ਬੀ. ਐਨ. ਅਦਾਰਕਰ, ਉਪਰੋਕਤ ਵਿੱਚੋਂ ਕੋਈ ਵੀ ਨਹੀਂ)

*G20 ਸੰਬੰਧਿਤ*

1) **G20 ਦਾ ਹੈੱਡਕੁਆਟਰ ਕਿੱਥੇ ਹੈ?**

(ਇੰਡੋਨੇਸ਼ੀਆ, ਮੈਕਸੀਕੋ, ਕੈਨੇਡਾ, ਉੱਪਰ ਦਿੱਤਿਆਂ ਵਿੱਚੋਂ ਕੋਈ ਵੀ ਨਹੀਂ)

2) **ਭਾਰਤ ਨੇ G-20 ਦੀ ਪ੍ਰਧਾਨਗੀ ਕਿੰਨੇ ਸਮੇਂ ਲਈ ਸੰਭਾਲੀ ਹੈ?**

(ਇੱਕ ਸਾਲ, ਦੋ ਸਾਲ, ਤਿੰਨ ਸਾਲ, ਪੰਜ ਸਾਲ)

*ਆਮ ਜਾਗਰੂਕਤਾ*

1) **ਚਿੱਟੀ ਕ੍ਰਾਂਤੀ ਕਿਸ ਨਾਲ ਜੁੜੀ ਹੋਈ ਹੈ?**

(ਆਂਡੇ, ਖੁੰਬਾਂ ਦੀ ਕਾਸ਼ਤ, ਦੁੱਧ, ਉਪਰੋਕਤ ਸਭ ਕੁਝ)

2) **ਏ.ਟੀ.ਐਮ. ਦੀ ਵਰਤੋਂ ਮੁੱਖ ਰੂਪ ਵਿੱਚ ਕਿਸ ਲਈ ਕੀਤੀ ਜਾਂਦੀ ਹੈ?**

(ਬੁਨਿਆਦੀ ਢਾਂਚਾ, ਕੰਪਿਊਟਰ ਆਧਾਰਿਤ, ਬੈਂਕਿੰਗ, ਪ੍ਰਾਹੁਣਚਾਰੀ)

**ਹਵਾਲਾ ਸਮੱਗਰੀ, ਜਿਸ ਵਿੱਚ ਸਿੱਖਿਆ ਵਿਭਾਗ ਨੂੰ ਸਲਾਹ ਦਿੱਤੀ ਜਾ ਸਕਦੀ ਹੈ ਕਿ ਜੇ ਲੋੜ ਪਵੇ ਤਾਂ ਉਹ ਸਕੂਲਾਂ ਨੂੰ ਵੰਡੀ ਜਾਵੇ।**

https://www.g20.org/en/

https://pib.gov.in/PressReleaseIframePage.aspx?PRID=1882356

**ਵਿੱਤੀ ਸਾਖਰਤਾ ਲਈ:**

https://www.rbi.org.in/Scripts/AboutusDisplay.aspx

https://www.rbi.org.in/Scripts/FAQDisplay.aspx

https://www.ncfe.org.in/resources/downloads

**ਢੁੱਕਵੇਂ ਸਿਰਲੇਖ**

- Financial Education Handbook
- Financial Literacy booklets
- All You Need to Know About Digital Payments
- Insurance, Equity, Pension
- Target Group Booklets-school children

**ਨੋਟ-** ਸਿਲੇਬਸ, ਨਮੂਨੇ ਦੇ ਪ੍ਰਸ਼ਨ ਅਤੇ ਪ੍ਰਦਾਨ ਕੀਤੀ ਗਈ ਹਵਾਲਾ ਸਮੱਗਰੀ ਸੰਕੇਤਕ ਹੈ।